**ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।**

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ),
ਪੰਜਾਬ।

ਮੀਮੋ ਨੰ: 9/5-2010/SSA/FTB/ 60851

ਮਿਤੀ,ਚੰਡੀਗੜ੍ਹ: 22-9-10

**ਵਿਸ਼ਾ: ਵਿੱਦਿਅਕ ਸਾਲ 2010-11 ਦੌਰਾਨ ਕਿਤਾਬਾਂ ਦੀ ਸਪਲਾਈ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਕੋਆਰਡੀਨੇਟਰਜ਼ ਅਤੇ ਬੋਰਡ ਨਾਲ ਮੀਟਿੰਗ ਸੱਦਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਰਾਜ ਸਰਕਾਰ ਦੇ ਫ਼ੈਸਲੇ ਅਨੁਸਾਰ ਵਿੱਦਿਅਕ ਸਾਲ 2010-11 ਦੌਰਾਨ ਕਿਤਾਬਾਂ ਦੀ ਸਪਲਾਈ ਦਾ ਕੰਮ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੌਂਪਿਆ ਗਿਆ ਸੀ।

3.0 ਰਾਜ ਦੇ ਸਕੂਲਾਂ ਵਿੱਚੋਂ ਲਗਾਤਾਰ ਕਿਤਾਬਾਂ ਨਾ ਮਿਲਣ ਬਾਰੇ ਇਸ ਦਫ਼ਤਰ ਨੂੰ ਸੂਚਨਾਵਾਂ ਪ੍ਰਾਪਤ ਹੋ ਰਹੀਆਂ ਹਨ।

4.0 ਕਿਤਾਬਾਂ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ.ਬੁਕਸ) ਅਤੇ ਪ੍ਰਾਜੈਕਟ ਕੋਆਰਡੀਨੇਟਰਜ਼ (ਆਈ ਸੀ ਟੀ) ਦੀ ਮੀਟਿੰਗ ਮਿਤੀ 07-10-2010 ਨੂੰ ਸਵੇਰੇ 10:30 ਵਜੇ ਮੁੱਖ ਦਫ਼ਤਰ ਦੇ ਕਾਨਫ਼ਰੰਸ ਹਾਲ ਵਿੱਚ ਕੀਤੀ ਜਾਣੀ ਹੈ।

5.0 ਮੀਟਿੰਗ ਵਿੱਚ ਕਿਤਾਬਾਂ ਦੀ ਵੰਡ ਸਬੰਧੀ ਸਾਰੀ ਸੂਚਨਾ (ਹਾਰਡ ਅਤੇ ਸਾਫ਼ਟ ਕਾਪੀ) ਨਾਲ ਲਿਆਈ ਜਾਵੇ ਜੀ।

6.0 ਮੀਟਿੰਗ ਵਿੱਚ ਸਬੰਧਤ ਦੀ ਹਾਜਰੀ ਅਤੇ ਸਮੁੱਚੀ ਸੂਚਨਾ ਲਿਆਉਣੀ ਯਕੀਨੀ ਬਣਾਈ ਜਾਵੇ ਜੀ।

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:-ਉਕਤ- ਮਿਤੀ,ਚੰਡੀਗੜ੍ਹ: 22-9-10

ਉਪਰੋਕਤ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈਸਿ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੰਪਿਊਟਰ ਵਿਸ਼ੇ ਦੀਆਂ ਕਿਤਾਬਾਂ ਦੀ ਸੂਚਨਾ ਪ੍ਰਾਜੈਕਟ ਕੋਆਰਡੀਨੇਟਰਜ਼ (ਆਈ ਸੀ ਟੀ) ਰਾਹੀ ਭੇਜਣਾ ਯਕੀਨੀ ਬਣਾਉਣ ਜੀ।

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ।**